ਵਿਸ਼ਾ – ਪੰਜਾਬੀ                                ਜਮਾਤ – ਨੌਵੀਂ / ਦਸਵੀਂ

## ਸਕੂਲ ਦੀ ਲਾਇਬ੍ਰੇਰੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਸੰਬੰਧੀ ਸਕੂਲ ਮੁਖੀ ਨੂੰ ਪੱਤਰ ।

ਸੇਵਾ ਵਿਖੇ,

ਮੁੱਖ ਅਧਿਆਪਕ ਜੀ,

ਸਰਕਾਰੀ ਹਾਈ ਸਕੂਲ,

ਪਿੰਡ......................।

ਵਿਸ਼ਾ- ਸਕੂਲ ਦੀ ਲਾਇਬ੍ਰੇਰੀ ਸੁਚਾਰੂ ਢੰਗ ਨਾਲ ਚਲਾਉਣ ਸੰਬੰਧੀ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਸਾਡੇ ਸਕੂਲ ਦੀ ਲਾਇਬ੍ਰੇਰੀ ਦੇ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣ ਦੀ ਬਹੁਤ ਜਰੂਰਤ ਹੈ।ਅਸੀਂ ਸਭ ਤੋਂ ਪਹਿਲਾਂ ਸਾਡੇ ਸਕੂਲ ਦੀ ਲਾਇਬ੍ਰੇਰੀ ਵੱਲ ਤੁਹਾਡਾ ਧਿਆਨ ਦਵਾਉਣਾ ਚਾਹੁੰਦੇ ਹਾਂ।ਜੋ ਕਿ ਲਗਭਗ ਹਰ ਸਮੇਂ ਬੰਦ ਰਹਿੰਦੀ ਹੈ।ਵਿਦਿਰਥੀਆਂ ਦਾ ਕੋਈ ਵੀ ਪੀਰਿਯਡ ਲਾਇਬ੍ਰੇਰੀ ਦਾ ਨਹੀਂ ਲਗਦਾ।ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਬੈਠਣ ਦਾ ਵੀ ਉਚਿੱਤ ਪ੍ਰਬੰਧ ਨਹੀਂ ਹੈ।ਲਾਇਬ੍ਰੇਰੀ ਵਿੱਚ ਪੰਜਾਬ ਕੇਸਰੀ,ਅਜੀਤ ਅਖਬਾਰ ਦੀ ਇੱਕ ਕਾਪੀ ਹੀ ਆਉਂਦੀ ਹੈ ਜਿਸ ਕਾਰਨ ਵਿਦਿਰਥੀਆਂ ਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ।

ਇਸ ਲਈ ਹਰ ਅਖਬਾਰ ਦੀ ਦੋ ਦੋ ਕਾਪੀ ਮੰਗਵਾਈ ਜਾਣੀ ਚਾਹੀਦੀ ਹੈ।ਖੜ੍ਹੇ ਹੋ ਕੇ ਪੜ੍ਹਨ ਲਈ ਅਖਬਾਰਾਂ ਤਿੰਨ ਚਾਰ ਰੇਕਾਂ ਉੱਤੇ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਲਾਇਬ੍ਰੇਰੀ ਨੂੰ ਹਰ ਸਮੇਂ ਖੁੱਲਾ ਰੱਖਿਆ ਜਾਣਾ ਚਾਹੀਦਾ ਹੈ।ਵਿੱਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਲਈ ਅਲਮਾਰੀ ਖੁੱਲੀ ਰੱਖਣੀ ਚਾਹੀਦੀ ਹੈ।

ਸਾਨੂੰ ਉਮੀਦ ਹੈ ਕਿ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕਰੋਂਗੇ।

ਧੰਨਵਾਦ ਸਹਿਤ।

ਆਪਜੀ ਦੇ ਵਿਸ਼ਵਾਸਪਾਤਰ,

ਨੌਵੀਂ/ਦਸਵੀਂ ਜਮਾਤ ਦੇ ਸਮੂਹ ਵਿਦਿਆਰਥੀ।

ਮਿਤੀ- ../.../ 2020



ਤਿਆਰ ਕਰਤਾ
ਪ੍ਰੋ.ਰਾਮਕੁਮਾਰ ਵਰਮਾ
ਮੋਬਾਇਲ – 75087-27529
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰ.ਰਣ ਸਿੰਘ।